**GURU GOBIND SINGH MEDICAL COLLEGE, FARIDKOT-151203 (PB)**
(A Constituent Medical College of BFUHS, Faridkot)
E-Mail:Pr_ggsmc@yahoo.com Website.ggsmch.org
Phone: 01639-251111 Fax:01639-251070

ਨੰਬਰ-ਸਕਾਲਰਸ਼ਿਪ/2022/27096 ਮਿਤੀ- 09/09/22

# ਨੋਟਿਸ

**ਵਿਸ਼:- ਘੱਟ ਗਿਣਤੀ ਵਰਗ ਲਈ ਪੋਸਟ ਮੈਟ੍ਰਿਕ ਅਤੇ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਾਲ 2022-23 ਦੇ ਲਈ ਪੋਰਟਲ ਖੋਲਣ ਸਬੰਧੀ।** (Minority communities ਦੇ ਵਿਦਿਆਰਥੀ)

ਇਸ ਕਾਲਜ ਦੇ ਐਮ.ਬੀ.ਬੀ.ਐਸ ਅਤੇ ਪੈਰਾ ਮੈਡੀਕਲ ਕੋਰਸਾ ਦੇ ਵਿਦਿਆਰਥੀਆਂ ਨੂੰ ਇਸ ਨੋਟਿਸ ਰਾਹੀ ਸੂਚਿਤ ਕੀਤਾ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਛੇ **ਘੱਟ ਗਿਣਤੀ ਵਰਗ (ਸਿੱਖ, ਮੁਸਲਮਾਨ, ਬੋਧੀ, ਪਾਰਸੀ, ਜੈਨ ਅਤੇ ਇਸਾਈ)** ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਕ ਸਕਾਲਰਸ਼ਿਪ ਅਤੇ ਮੈਰਿਟ-ਕਮ—ਮੀਨਜ਼ ਬੇਸਡ ਸਾਲ 2022-23 ਦੌਰਾਨ ਅਰਜੀਆਂ ਪ੍ਰਾਪਤ ਕਰਨ ਲਈ ਪੋਰਟਲ ਖੋਲਿਆ ਗਿਆ ਹੈ। ਇਸ ਲਈ ਸਮਾਜਿਕ ਨਿਆਂ, ਅਧਿਕਾਰੀਤਾ ਤੇ ਘੱਟ ਗਿਣਤੀ ਵਿਭਾਗ, ਪੰਜਾਬ 100 ਪ੍ਰਤੀਸ਼ਤ ਕੇਂਦਰੀ ਪ੍ਰਾਯੋਜੀਤ ਇਨ੍ਹਾਂ ਸਕੀਮਾਂ ਅਧੀਨ ਨੈਸ਼ਨਲ ਸਕਾਰਸ਼ਿਪ ਪੋਰਟਲ ਦੀ ਵੈਬਸਾਈਟ www.scholarships.gov.in ਤੇ (ਇਸ ਸਾਈਟ ਦਾ ਲਿੰਕ www.minorityaffairs.gov.in ਤੇ ਵੀ ਉਪਲਬੱਧ ਹੈ) ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ।

| Activity Schedule 2022-23 | | |
|---|---|---|
| | The last date for Institutes to forward complete cases after corrections to the approving authority/sanctioning authorities | 31 October 2022 |

9/9/2022

Nodal Officer ਨੋਡਲ ਅਫਸਰ
Post Matric Scholarship Scheme ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ,

ਨੰਬਰ-ਸਕਾਲਰਸ਼ਿਪ/2022/27097-99 ਮਿਤੀ: 09/09/22

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਨੁਸਾਰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1) ਲੜਕੇ ਅਤੇ ਲੜਕੀਆਂ ਦੇ ਹੋਸਟਲ/ ਪ੍ਰਿੰਸੀਪਲ ਦਫ਼ਤਰ ਨੋਟਿਸ ਬੋਰਡ ਸਬੰਧਤ ਵਿਦਿਆਰਥੀਆਂ ਦੀ ਸੂਚਨਾਂ ਅਤੇ ਪਾਲਨਾ ਹਿੱਤ।
2) ਡਾਕਟਰ ਇੰਚਾਰਜ਼ ਨੂੰ ਨੋਟਿਸ ਕਾਲਜ਼ ਦੀ ਵੈਬਸਾਈਟ ਤੇ ਅੱਪਲੋਡ ਕਰਨ ਦੇ ਲਈ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ।

09/9/2022

Nodal Officer ਨੋਡਲ ਅਫਸਰ
Post Matric Scholarship Scheme ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ,

# ਪੰਜਾਬ ਸਰਕਾਰ

## ਡਾਇਰੈਕਟੋਰੇਟ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਰਗ

## ਐੱਸ.ਸੀ.ਐੱਫ-7 ਫੇਜ਼-1, ਐੱਸ.ਏ.ਐੱਸ. ਨਗਰ (ਮੋਹਾਲੀ)

**ਸਕਾਲਰਸ਼ਿਪ ਦਾ ਐਲਾਨ : 2022-23**

**(ਘੱਟ ਗਿਣਤੀ ਵਰਗ ਲਈ ਪ੍ਰੀ ਮੈਟ੍ਰਿਕ, ਪੋਸਟ ਮੈਟ੍ਰਿਕ ਅਤੇ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ)**



ਭਗਵੰਤ ਮਾਨ ਮੁੱਖ ਮੰਤਰੀ ਪੰਜਾਬ

ਘੱਟ ਗਿਣਤੀ ਮੰਤਰਾਲੇ, ਭਾਰਤ ਸਰਕਾਰ ਵਲੋਂ ਛੇ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਬੋਧੀ, ਪਾਰਸੀ, ਜੈਨ ਅਤੇ ਇਸਾਈ) ਦੇ ਵਿਦਿਆਰਥੀਆਂ ਨੂੰ ਪ੍ਰੀ-ਮੈਟ੍ਰਿਕ, ਪੋਸਟ ਮੈਟ੍ਰਿਕ ਸਕਾਲਰਸ਼ਿਪ ਅਤੇ ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਦਾ ਲਾਭ 2022-23 ਦੌਰਾਨ ਪ੍ਰਾਪਤ ਕਰਨ ਲਈ ਇਕ ਮੌਕਾ ਦਿੱਤਾ ਗਿਆ ਹੈ। ਇਸ ਲਈ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ 100% ਕੇਂਦਰੀ ਪ੍ਰਾਯੋਜਿਤ ਇਨ੍ਹਾਂ ਸਕੀਮਾਂ ਅਧੀਨ ਨੈਸ਼ਨਲ ਸਕਾਲਰਸ਼ਿਪ ਪੋਰਟਲ www.scholarships.gov.in 'ਤੇ ਆਨਲਾਈਨ ਦਰਖਾਸਤਾਂ ਦੀ ਮੰਗ ਕਰਦਾ ਹੈ।

**ਸਮਾਂ ਸਾਰਣੀ :**

| | | |
|---|---|---|
| ਵਿਦਿਆਰਥੀਆਂ ਵਲੋਂ ਨਵੀਂ ਸਕਾਲਰਸ਼ਿਪ (ਪਹਿਲੀ ਵਾਰ ਬਿਨੈਕਾਰ) ਅਤੇ ਨਵੀਨੀਕਰਨ ਸਕਾਲਰਸ਼ਿਪ (ਉਹ ਬਿਨੈਕਾਰ ਜਿਨ੍ਹਾਂ ਨੇ 2021-22 ਦੌਰਾਨ ਸਕਾਲਰਸ਼ਿਪ ਪ੍ਰਾਪਤ ਕੀਤੀ ਹੈ) ਲਈ ਆਨਲਾਈਨ ਅਰਜ਼ੀ ਜਮਾ ਕਰਨ ਦੀ ਆਖਰੀ ਮਿਤੀ। | 1. ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ। | 30 ਸਤੰਬਰ, 2022 |
| | 2. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ।<br>3. ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ | 31 ਅਕਤੂਬਰ 2022 |

**ਯੋਗਤਾ :**

- ਬਿਨੈਕਾਰ ਸੂਚਿਤ ਘੱਟ ਗਿਣਤੀ ਭਾਈਚਾਰੇ (ਸਿੱਖ, ਮੁਸਲਿਮ, ਬੋਧੀ, ਪਾਰਸੀ, ਜੈਨ ਅਤੇ ਇਸਾਈ) ਨਾਲ ਸਬੰਧਤ ਹੋਵੇ।
- ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਲਈ ਆਮਦਨ ਹੱਦ 1.00 ਲੱਖ ਰੁਪਏ, ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਆਮਦਨ ਹੱਦ 2.00 ਲੱਖ ਰੁਪਏ ਅਤੇ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਲਈ ਆਮਦਨ ਹੱਦ 2.50 ਲੱਖ ਰੁਪਏ ਹੈ।
- ਬਿਨੈਕਾਰ ਸਰਕਾਰੀ ਜਾਂ ਮਾਨਤਾ ਪ੍ਰਾਪਤ ਪ੍ਰਾਈਵੇਟ ਯੂਨੀਵਰਸਿਟੀ/ਸੰਸਥਾ/ਕਾਲਜ/ਸਕੂਲ ਵਿਚ ਪੜ੍ਹਾਈ ਕਰਦਾ ਹੋਵੇ।
- ਅਪਣਾਇਆ ਹੋਇਆ ਕੋਰਸ ਘੱਟੋ ਘੱਟ ਇਕ ਸਾਲ ਦੀ ਮਿਆਦ ਦਾ ਲਾਜ਼ਮੀ ਹੋਵੇ।
- ਬਿਨੈਕਾਰ ਨੂੰ ਪਿਛਲੇ ਸਾਲਾਨਾ ਬੋਰਡ/ਕਲਾਸ ਦੀ ਪ੍ਰੀਖਿਆ ਵਿਚ 50% ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ।

**ਹਦਾਇਤਾਂ :**

**ਬਿਨੈਕਾਰ ਲਈ**

- ਦਰਖਾਸਕਰਤਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨੈਸ਼ਨਲ ਸਕਾਲਰਸ਼ਿਪ ਪੋਰਟਲ ਦੀ ਵੈੱਬਸਾਈਟ www.scholarships.gov.in (ਇਸ ਸਾਈਟ ਦਾ ਲਿੰਕ www.minorityaffairs.gov.in 'ਤੇ ਵੀ ਉਪਲਬੱਧ ਹੈ) ਜਾਂ ਮੋਬਾਇਲ ਐਪ-ਨੈਸ਼ਨਲ ਸਕਾਲਰਸ਼ਿਪ (ਐੱਨ.ਐੱਸ.ਪੀ) ਤੇ ਸਕਾਲਰਸ਼ਿਪ ਸਕੀਮਾਂ ਵਿਚੋਂ ਕਿਸੇ ਇਕ ਲਈ ਆਨਲਾਈਨ ਅਪਲਾਈ ਕਰਨ।
- ਆਨਲਾਈਨ ਅਰਜ਼ੀ ਭਰਨ ਲਈ ਵਿਸਤ੍ਰਿਤ ਹਦਾਇਤਾਂ ਅਤੇ ਅਕਸਰ ਪੁੱਛੇ ਜਾਂਦੇ ਪ੍ਰਸ਼ਨ (ਆਮ ਪੁੱਛੇ ਜਾਂਦੇ ਪ੍ਰਸ਼ਨ) ਨੈਸ਼ਨਲ ਸਕਾਲਰਸ਼ਿਪ ਪੋਰਟਲ ਦੇ ਹੋਮਪੇਜ 'ਤੇ ਉਪਲਬਧ ਹਨ।
- ਬਿਨੈਕਾਰ ਨੂੰ ਸਿਰਫ ਉਸ ਬੈਂਕ ਖਾਤੇ ਦੇ ਵੇਰਵੇ ਦੇਣ ਦੀ ਸਲਾਹ ਦਿੱਤੀ ਜਾਂਦੀ ਹੈ ਜੋ ਕਿ ਆਧਾਰ ਨਾਲ ਲਿੰਕ, ਐਕਟਿਵ ਮੋਡ ਵਿਚ ਹੋਣ ਅਤੇ ਬੈਂਕ ਦੀਆਂ ਹਦਾਇਤਾਂ ਮੁਤਾਬਿਕ ਅਨੁਕੂਲ ਹੋਣ ਤਾਂ ਜੋ ਸਕਾਲਰਸ਼ਿਪ ਦੇ ਭੁਗਤਾਨ ਵਿਚ ਕੋਈ ਅਸਫਲਤਾ ਨਾ ਹੋਵੇ।
- ਆਮਦਨ ਸਰਟੀਫਿਕੇਟ ਕੰਪੀਟੈਂਟ ਅਥਾਰਟੀ (ਘੱਟੋ ਘੱਟ ਤਹਿਸੀਲਦਾਰ/ਨਾਇਬ ਤਹਿਸੀਲਦਾਰ) ਵਲੋਂ ਜਾਰੀ ਹੋਇਆ ਹੋਵੇ।
- ਸਕਾਲਰਸ਼ਿਪ ਅਪਲਾਈ ਕਰਦੇ ਸਮੇਂ ਵਿਦਿਆਰਥੀ ਵਲੋਂ ਕੇਵਲ ਆਪਣਾ ਮੋਬਾਇਲ ਨੰਬਰ ਹੀ ਭਰਿਆ ਜਾਵੇ, ਕਿਉਂਕਿ ਸਕਾਲਰਸ਼ਿਪ ਨਾਲ ਸਬੰਧਤ ਸਾਰੀਆਂ ਅੱਪਡੇਟ ਰਜਿਸਟਰਡ ਮੋਬਾਇਲ 'ਤੇ ਹੀ ਆਉਂਦੀਆਂ ਹਨ। ਇਸ ਲਈ ਉਸ ਮੋਬਾਇਲ ਨੰਬਰ ਨੂੰ ਤਬਦੀਲ ਨਾ ਕੀਤਾ ਜਾਵੇ।

**ਯੂਨੀਵਰਸਿਟੀ/ਸੰਸਥਾਵਾਂ/ਕਾਲਜਾਂ/ਸਕੂਲਾਂ ਲਈ**

- ਸਾਰੀਆਂ ਯੂਨੀਵਰਸਿਟੀਆਂ/ਸੰਸਥਾਵਾਂ/ਕਾਲਜਾਂ/ਸਕੂਲਾਂ ਜਿੱਥੇ ਘੱਟ ਗਿਣਤੀ ਵਰਗ ਦੇ ਵਿਦਿਆਰਥੀ ਪੜ੍ਹ ਰਹੇ ਹਨ ਉਨ੍ਹਾਂ ਸੰਸਥਾਵਾਂ ਨੂੰ ਨੈਸ਼ਨਲ ਸਕਾਲਰਸ਼ਿਪ ਪੋਰਟਲ 'ਤੇ ਰਜਿਸਟਰ ਕਰਵਾਇਆ ਜਾਵੇ (ਜੇਕਰ ਪਹਿਲਾਂ NSP 'ਤੇ ਰਜਿਸਟਰ ਨਹੀਂ ਹਨ)।
- ਸੰਸਥਾ ਵਲੋਂ ਸਕੀਮ ਅਧੀਨ ਪ੍ਰਵਾਨ ਕੀਤੇ ਵਿਦਿਆਰਥੀਆਂ ਦੇ ਮੁਕੰਮਲ ਦਸਤਾਵੇਜ਼ ਆਪਣੇ ਕੋਲ ਰੱਖਣੇ ਅਤਿ ਜ਼ਰੂਰੀ ਹਨ।
- ਸੰਸਥਾ ਵਲੋਂ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਇਕ ਵਿਦਿਆਰਥੀ ਕੇਵਲ ਇਕ ਹੀ ਸਕਾਲਰਸ਼ਿਪ ਸਕੀਮ ਵਿਚ ਅਪਲਾਈ ਕਰੇ। ਜੇਕਰ ਸੰਸਥਾ ਵਲੋਂ ਕੋਈ ਵੀ ਡੁਪਲੀਕੇਟ ਜਾਂ ਗਲਤ ਵਿਦਿਆਰਥੀ ਅੱਗੇ ਫਾਰਵਰਡ ਕੀਤਾ ਜਾਂਦਾ ਹੈ ਤਾਂ ਇਸਦੀ ਨਿਰੋਲ ਜ਼ਿੰਮੇਵਾਰੀ ਸੰਸਥਾ ਦੀ ਹੋਵੇਗੀ।

- ਵਿਸਥਾਰਪੂਰਵਕ ਜਾਣਕਾਰੀ ਲਈ ਘੱਟ ਗਿਣਤੀ ਮੰਤਰਾਲੇ ਦੀ ਵੈੱਬਸਾਈਟ ਵੇਖੋ, ਜਿਵੇਂ ਕਿ www.minorityaffairs.gov.in
- ਪੁੱਛਗਿੱਛ/ਪੱਤਰ ਵਿਹਾਰ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਦੀ ਈ-ਮੇਲ pmsminorityaffairspunjab@gmail.com ਮੈਰਿਟ ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ ਦੀ ਈ-ਮੇਲ minoritymcm@gmail.com ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਈ-ਮੇਲ postmatricminoritypunjab@gmail.com ਹੈ।
- ਹੈਲਪਲਾਈਨ ਨੰਬਰ 1800-11-2001 (ਟੋਲਫ੍ਰੀ), (ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9.00 ਤੋਂ ਸ਼ਾਮ 5.30 ਵਜੇ ਤੱਕ ਛੁੱਟੀਆਂ ਨੂੰ ਛੱਡ ਕੇ)

**DPR/2225/11/2021/16162** **ਡਾਇਰੈਕਟਰ**

ਜਗ ਬਾਣੀ ਈ-ਪੇਪਰ Mon,08 August 2022
Edition: chandigarh main, Page no. 5